# ਵਧੀਕ ਸਟੇਟ ਪ੍ਰੋਜੈਕਟ ਡਾਇਰੈਕਟਰ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਪੰਜਵੀਂ ਮੰਜ਼ਿਲ, ਈ ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਮੋਹਾਲੀ (ਅਜੀਤਗੜ੍ਹ)**

---

ਵੱਲ:

1.ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) (ਵੈਬਸਾਈਟ ਰਾਹੀਂ)
2.ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
3.ਸਮੂਹ ਜ਼ਿਲ੍ਹਾ ਰਿਸੋਰਸ ਪਰਸਨਜ਼ (ਅੰਗਰੇਜੀ)
4.ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ
5.ਸਮੂਹ ਸਕੂਲ ਮੁੱਖੀ
ਪੰਜਾਬ।

ਮੀਮੋ ਨੰ: ਏ.ਐਸ.ਪੀ.ਡੀ.(ਅੰਗਰੇਜ਼ੀ)/ਸਸਅ/2013/ 11835
ਮਿਤੀ: 12.7.2013 ਅਜੀਤਗੜ੍ਹ

**ਵਿਸ਼ਾ :ਅੰਗਰੇਜ਼ੀ ਵਿਸ਼ੇ ਸਬੰਧੀ Spelling Bee ਗਤੀਵਿਧੀ ਬਾਰੇ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਅੰਗਰੇਜ਼ੀ ਵਿਸ਼ੇ ਵਿਚ ਗੁਣਾਤਮਕ ਸੁਧਾਰ ਅਤੇ ਵਿਸ਼ੇ ਵਿਚ ਰੋਚਕਤਾ ਪੈਦਾ ਕਰਨ ਦੇ ਮੰਤਵ ਨਾਲ ਹਰ ਮਹੀਨੇ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ।

3.0 ਇਸ ਲੜੀ ਅਧੀਨ ਜੁਲਾਈ' 2013 ਵਿਚ Spelling Bee ਗਤੀਵਿਧੀ ਕਰਵਾਈ ਜਾਣੀ ਹੈ।ਇਸ ਗਤੀਵਿਧੀ ਨੂੰ 3 ਪੱਧਰਾਂ ਤੇ ਕਰਵਾਇਆ ਜਾਵੇਗਾ ਜੀ। ਗਤੀਵਿਧੀ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ:-

| **ਪੱਧਰ** | **ਕਿਸ ਦੁਆਰਾ ਕਰਵਾਈ ਜਾਵੇਗੀ** | **ਮਿਤੀ** | **ਕਰਵਾਉਣ ਦਾ ਸਮਾਂ** |
|---|---|---|---|
| ਸਕੂਲ | ਸਕੂਲ ਅਧਿਆਪਕ ਦੁਆਰਾ | 19 ਜੁਲਾਈ | ਸਮਾਂ ਸਕੂਲ ਮੁੱਖੀ ਅਨੁਸਾਰ |
| ਬਲਾਕ | ਡੀ.ਆਰ.ਪੀ. ਅੰਗਰੇਜ਼ੀ ਵੱਲੋਂ ਬਣਾਏ ਇੰਚਾਰਜ ਦੁਆਰਾ | 23 ਜੁਲਾਈ | ਸਥਾਨ ਅਤੇ ਸਮਾਂ ਜਿਲ੍ਹਾ ਸਿੱਖਿਆ ਅਫਸਰ ਦੁਆਰਾ ਦੱਸਿਆ ਜਾਵੇਗਾ |
| ਜਿਲ੍ਹਾ | ਡੀ.ਆਰ.ਪੀ ਅੰਗਰੇਜ਼ੀ ਦੁਆਰਾ | 25 ਜੁਲਾਈ | ਸਥਾਨ ਅਤੇ ਸਮਾਂ ਜਿਲ੍ਹਾ ਸਿੱਖਿਆ ਅਫਸਰ ਦੁਆਰਾ ਦੱਸਿਆ ਜਾਵੇਗਾ |

ਇਸ ਗਤੀਵਿਧੀ ਨੂੰ ਕਰਵਾਉਣ ਲਈ ਦਿਸ਼ਾ ਨਿਰਦੇਸ਼ ਹੇਠ ਲਿਖੇ ਅਨੁਸਾਰ ਹਨ:-

4.0 ਸਪੈਲਿੰਗ ਬੀ (spelling bee) ਮੁਕਾਬਲਾ ਸ਼ਬਦਾਂ (Words) ਦਾ ਮੁਕਾਬਲਾ ਹੈ ਜਿਸ ਵਿੱਚ ਵਿਦਿਆਰਥੀ ਨੇ ਸ਼ਬਦ ਨੂੰ ਸੁਣਨ ਤੋਂ ਬਾਅਦ ਉਸਦੇ spellings ਨੂੰ ਬੋਲ ਕੇ ਦੱਸਣਾ ਹੁੰਦਾ ਹੈ।

5.0 ਇਸ ਮੁਕਾਬਲੇ ਵਿੱਚ ਕੇਵਲ 7ਵੀਂ ਅਤੇ 8ਵੀਂ ਜਮਾਤ (ਪ੍ਰਤੀ ਸਕੂਲ ਕੇਵਲ 2 ਵਿਦਿਆਰਥੀ ਇੱਕ ਸੱਤਵੀਂ ਅਤੇ ਇੱਕ ਅੱਠਵੀਂ) ਬਲਾਕ ਪੱਧਰ ਤੇ ਭਾਗ ਲੈਣਗੇ।

6.0 ਇਸ ਮੁਕਾਬਲੇ ਵਿੱਚ ਸ਼ਬਦ 6ਵੀਂ, 7ਵੀਂ ਅਤੇ 8ਵੀਂ ਦੇ ਅਪ੍ਰੈਲ ਅਤੇ ਮਈ ਮਹੀਨਿਆਂ ਤੱਕ ਪੜ੍ਹਾਏ ਜਾ ਚੁੱਕੇ ਪਾਠ ਅਤੇ ਕਵਿਤਾਵਾਂ ਅਤੇ ਸੁਚਿੱਤਰ ਸ਼ਬਦਕੋਸ਼ (A to D) ਵਿੱਚੋਂ ਪੁੱਛੇ ਜਾਣਗੇ।

7.0 ਵਿਦਿਆਰਥੀ ਸਪੈਲਿੰਗ ਬੀ (spelling bee) ਦੀ ਤਿਆਰੀ ਕਰਨ ਵੇਲੇ ਸੌਖੇ ਅਤੇ ਔਖੇ ਹਰ ਤਰ੍ਹਾਂ ਦੇ ਸ਼ਬਦਾਂ ਦਾ ਅਭਿਆਸ ਕਰਨ ਅਤੇ ਸੁਚਿੱਤਰ ਸ਼ਬਦਕੋਸ਼ ( A to D ) ਵਿਚਲੇ ਸ਼ਬਦਾਂ ਦੀ ਖਾਸ ਤੌਰ ਤੇ ਤਿਆਰੀ ਕਰਨ।

8.0 ਸਪੈਲਿੰਗ ਬੀ (spelling bee) ਮੁਕਾਬਲਾ ਸਕੂਲ, ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਦੋ ਰਾਊਂਡਾਂ ਵਿੱਚ ਹੋਵੇਗਾ। ਪਹਿਲੇ ਰਾਊਂਡ ਵਿੱਚ ਸ਼ਬਦਾਂ ਦਾ ਲਿਖਤੀ ਟੈਸਟ ਹੋਵੇਗਾ ਜਦੋਂਕਿ ਦੂਜੇ ਰਾਊਂਡ ਵਿੱਚ ਸ਼ਬਦਾਂ ਦੇ spelling ਦੱਸਣ ਦਾ ਜ਼ੁਬਾਨੀ (Orally) ਟੈਸਟ ਹੋਵੇਗਾ।

9.0 ਸਕੂਲ ਪੱਧਰ ਤੇ ਮੁਕਾਬਲਾ ਕਰਵਾਉਂਦੇ ਸਮੇਂ ਅਧਿਆਪਕ ਬਲਾਕ ਅਤੇ ਜ਼ਿਲ੍ਹਾ ਪੱਧਰ ਅਧੀਨ ਦਰਸਾਈਆਂ ਗਾਈਡਲਾਈਨਜ਼ ਨੂੰ ਧਿਆਨ ਵਿੱਚ ਰੱਖਦੇ ਹੋਏ ਮੁਕਾਬਲਾ ਕਰਵਾਉਣ। ਇਸ ਦਿਨ ਡੀ.ਆਰ.ਪੀ ਅੰਗਰੇਜ਼ੀ ਉਚੇਚੇ ਤੌਰ ਤੇ ਵੱਖ-ਵੱਖ ਸਕੂਲਾਂ ਦੀ ਵਿਜਟ ਕਰਣਗੇ ਅਤੇ ਵਿਦਿਆਰਥੀਆਂ ਦਾ ਉਤਸ਼ਾਹ ਵਧਾਉਣਗੇ।

10.0 ਬਲਾਕ ਪੱਧਰ ਤੇ ਜ਼ਿਲ੍ਹੇ ਦੇ ਹਰ ਸਕੂਲ ਲਈ ਇਸ ਮੁਕਾਬਲੇ ਵਿੱਚ ਭਾਗ ਲੈਣਾ ਜਰੂਰੀ ਸਮਝਿਆ ਜਾਵੇ।

11.0 **ਬਲਾਕ ਪੱਧਰ ਤੇ** ਭਾਗ ਲੈਣ ਵਾਲੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੱਖ-ਵੱਖ ਟੀਮਾਂ (ਇੱਕ ਸਕੂਲ ਦੇ 7ਵੀਂ ਅਤੇ 8ਵੀਂ ਦੇ ਦੋਵੇਂ ਵਿਦਿਆਰਥੀਆਂ ਨੂੰ ਮਿਲਾਕੇ ਇੱਕ ਟੀਮ ਮੰਨੀ ਜਾਵੇਗੀ) ਦੇ ਤੌਰ ਤੇ **ਰਾਊਂਡ 1 ਦੇ ਲਿਖਤੀ** ਮੁਕਾਬਲੇ ਵਿੱਚ ਬਿਠਾਇਆ ਜਾਵੇਗਾ। ਇਸ ਲਿਖਤੀ ਮੁਕਾਬਲੇ ਵਿੱਚ ਵਿਦਿਆਰਥੀ ਨੂੰ ਕੁੱਝ ਸ਼ਬਦ ਮੂੰਹ-ਜ਼ੁਬਾਨੀ ਬੋਲੇ ਜਾਣਗੇ ਜਿਹਨਾਂ ਨੂੰ ਉਹਨਾਂ ਨੇ ਸੁਣ ਕੇ ਲਿਖਣਾ ਹੈ। ਇਸ ਤਰ੍ਹਾਂ ਇਸ ਲਿਖਤੀ ਟੈਸਟ ਵਿੱਚੋ ਜੇਤੂ ਪੰਜ ਟੀਮਾਂ ਦੀ ਚੋਣ ਕੀਤੀ ਜਾਵੇਗੀ। ਲਿਖਤੀ ਟੈਸਟ ਵਿੱਚ ਕਿਸੇ ਤਰ੍ਹਾਂ ਦੇ tie ਹੋਣ ਦੀ ਸੂਰਤ ਵਿੱਚ ਉਹਨਾਂ ਟੀਮਾਂ ਦਾ ਦੁਬਾਰਾ

ਵੀ ਲਿਖਤੀ ਟੈਸਟ ਲਿਆ ਜਾ ਸਕਦਾ ਹੈ ਤਾਂ ਜੋ tie ਨੂੰ ਖਤਮ ਕੀਤਾ ਜਾ ਸਕੇ। ਇਹ ਜੇਤੂ ਪੰਜ ਟੀਮਾਂ ਅਗਲੇ **ਰਾਊਂਡ 2 ਦੇ ਮੂੰਹ-ਜੁਬਾਨੀ (Oral)** ਮੁਕਾਬਲੇ ਵਿੱਚ ਭਾਗ ਲੈਣਗੇ ਜਿਸ ਵਿੱਚ ਵਿਦਿਆਰਥੀਆਂ ਨੇ ਸ਼ਬਦ ਨੂੰ ਸੁਣਨ ਤੋਂ ਬਾਅਦ ਤੈਅ ਸਮੇਂ ਵਿੱਚ ਜਾਂ ਉਸ ਤੋਂ ਪਹਿਲਾਂ ਸ਼ਬਦ ਦੇ spellings ਦੱਸਣੇ ਹਨ। ਇਸ ਤਰ੍ਹਾਂ **ਰਾਊਂਡ 2** ਮੁਕਾਬਲੇ ਤੋਂ ਬਾਅਦ ਇੱਕ ਟੀਮ ਨੂੰ ਜੇਤੂ ਐਲਾਨਿਆ ਜਾਵੇਗਾ। ਜੋ ਕਿ ਜ਼ਿਲ੍ਹਾ ਪੱਧਰ ਤੇ ਹੋਣ ਵਾਲੇ ਸਪੈਲਿੰਗ ਬੀ (spelling bee) ਮੁਕਾਬਲੇ ਵਿੱਚ ਭਾਗ ਲਵੇਗੀ।

12.0 **ਰਾਊਂਡ 1 ਦੇ ਲਿਖਤੀ ਟੈਸਟ** ਵਿੱਚ ਸ਼ਬਦ ਬੋਲਣ ਵਾਲਾ ਅਧਿਆਪਕ (Pronouncer) ਸ਼ਬਦ ਨੂੰ ਉਸੇ ਤਰ੍ਹਾਂ ਹੀ ਉਚਾਰਣ ਕਰੇਗਾ ਜਿਸ ਤਰ੍ਹਾਂ ਉਹ ਅੰਗਰੇਜ਼ੀ ਭਾਸ਼ਾ ਵਿੱਚ ਬੋਲਿਆ ਜਾਂਦਾ ਹੈ। ਇੱਕ **ਸ਼ਬਦ ਨੂੰ ਕੇਵਲ ਦੋ ਵਾਰ** ਹੀ ਬੋਲਿਆ ਜਾਵੇਗਾ ਅਤੇ ਵਿਦਿਆਰਥੀਆਂ ਨੂੰ **ਲਿਖਣ ਲਈ 15 ਸੈਕੰਡ** ਦਾ ਟਾਈਮ ਦਿੱਤਾ ਜਾਵੇਗਾ ਉਪਰੰਤ ਉਸ ਤੋਂ ਅਗਲਾ ਸ਼ਬਦ ਬੋਲ ਦਿੱਤਾ ਜਾਵੇਗਾ। ਇਸ ਰਾਊਂਡ ਵਿੱਚ **20 ਸ਼ਬਦ** ਬੋਲੇ ਜਾਣਗੇ।

13.0 **ਰਾਊਂਡ 2 ਦੇ ਮੂੰਹ-ਜੁਬਾਨੀ (Oral)** ਮੁਕਾਬਲੇ ਵਿੱਚ ਹੁਣ ਜੇਤੂ ਪੰਜ ਟੀਮਾਂ ਦੇ ਵਿਦਿਆਰਥੀ ਭਾਗ ਲੈਣਗੇ। ਮੁਕਾਬਲੇ ਵਿੱਚ ਹਰ ਵਿਦਿਆਰਥੀ ਲਈ ਸ਼ਬਦ ਨੂੰ ਕੇਵਲ 2 ਵਾਰ ਹੀ ਬੋਲਿਆ ਜਾਵੇਗਾ। ਸ਼ਬਦ ਬੋਲਣ ਵਾਲਾ ਅਧਿਆਪਕ (Pronouncer) ਸ਼ਬਦ ਨੂੰ ਉਸੇ ਤਰ੍ਹਾਂ ਹੀ ਉਚਾਰਣ ਕਰੇਗਾ ਜਿਸ ਤਰ੍ਹਾਂ ਉਹ ਅੰਗਰੇਜ਼ੀ ਭਾਸ਼ਾ ਵਿੱਚ ਬੋਲਿਆ ਜਾਂਦਾ ਹੈ। ਸੋ ਵਿਦਿਆਰਥੀਆਂ ਨੂੰ ਮੁਕਾਬਲੇ ਦੀ ਤਿਆਰੀ ਕਰਦੇ ਸਮੇਂ ਸ਼ਬਦਾਂ ਦੇ ਸਹੀ ਉਚਾਰਣ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ। ਵਿਦਿਆਰਥੀਆਂ ਨੇ ਇਸ ਰਾਊਂਡ ਵਿੱਚ ਉਸ ਨੂੰ ਬੋਲੇ ਗਏ ਸ਼ਬਦ ਦੇ spellings ਦੱਸਣੇ ਹਨ। ਟੀਮ ਨੂੰ spellings ਦੱਸਣ ਲਈ 30 ਸੈਕੰਡ ਦਾ ਸਮਾਂ ਮਿਲੇਗਾ। ਵਿਦਿਆਰਥੀ ਉਸ ਸਮੇਂ ਦੌਰਾਨ ਜੇਕਰ ਜਵਾਬ ਨਹੀਂ ਦਿੰਦੇ ਜਾਂ ਸਹੀ/ਗਲਤ ਦਿੰਦੇ ਹਨ ਤਾਂ ਉਹਨਾਂ ਤੋਂ ਫਿਰ ਅਗਲਾ ਸ਼ਬਦ ਪੁੱਛਿਆ ਜਾਵੇਗਾ। ਹਰੇਕ ਸ਼ਬਦ ਦੇ ਸਹੀ spellings ਦੱਸਣ ਤੇ ਵਿਦਿਆਰਥੀ ਨੂੰ ਇੱਕ ਅੰਕ ਮਿਲੇਗਾ ਅਤੇ spellings ਦੱਸਣ ਉਪਰੰਤ ਉਸ ਸ਼ਬਦ ਨੂੰ ਠੀਕ ਉਚਾਰਣ ਕਰਨ ਤੇ ਇੱਕ ਅੰਕ ਮਿਲੇਗਾ। ਇਸ ਤਰ੍ਹਾਂ ਵਿਦਿਆਰਥੀ ਕੁੱਲ 2 ਅੰਕ ਪ੍ਰਾਪਤ ਕਰ ਸਕਦਾ ਹੈ। ਇਸ ਰਾਊਂਡ ਵਿੱਚ ਹਰੇਕ ਟੀਮ ਨੂੰ 10 ਸ਼ਬਦ ਪੁੱਛੇ ਜਾਣਗੇ। ਸਭ ਤੋਂ ਜ਼ਿਆਦਾ ਅੰਕ ਪ੍ਰਾਪਤ ਕਰਨ ਵਾਲੀ ਟੀਮ ਨੂੰ ਜੇਤੂ ਐਲਾਨਿਆ ਜਾਵੇਗਾ। ਕਿਸੇ ਤਰ੍ਹਾਂ ਦੇ tie ਹੋਣ ਦੀ ਸੂਰਤ ਵਿੱਚ ਉਹਨਾਂ ਟੀਮਾਂ ਦਾ ਦੁਬਾਰਾ ਵੀ ਟੈਸਟ ਲਿਆ ਜਾ ਸਕਦਾ ਹੈ ਤਾਂ ਜੋ tie ਨੂੰ ਖਤਮ ਕੀਤਾ ਜਾ ਸਕੇ। ਇਸ ਤਰ੍ਹਾਂ ਜੋ ਟੀਮ ਇਹ ਮੁਕਾਬਲਾ ਜਿੱਤੇਗੀ ਉਹ ਜ਼ਿਲ੍ਹਾ ਪੱਧਰੀ ਸਪੈਲਿੰਗ ਬੀ (spelling bee) ਮੁਕਾਬਲੇ ਵਿੱਚ ਭਾਗ ਲਵੇਗੀ।

14.0 ਕਿਉਂਕਿ ਵਿਦਿਆਰਥੀ (Speller) ਨੂੰ ਸ਼ਬਦ ਕੇਵਲ 2 ਵਾਰ (Pronouncer ਦੁਆਰਾ) ਬੋਲ ਕੇ ਹੀ ਦੱਸਿਆ ਜਾਵੇਗਾ ਇਸ ਲਈ ਵਿਦਿਆਰਥੀ ਨੂੰ ਸ਼ਬਦ ਪੂਰੀ ਇਕਾਗਰਤਾ ਨਾਲ ਸੁਣਨਾ ਚਾਹੀਦਾ ਹੈ। ਵਿਦਿਆਰਥੀ ਨੂੰ ਸ਼ਬਦ ਦੇ spelling ਬੋਲਣ ਦਾ ਇੱਕ ਮੌਕਾ ਹੀ ਦਿੱਤਾ ਜਾਵੇਗਾ। ਜੇਕਰ ਉਹ spelling ਗਲਤ ਬੋਲਦਾ ਹੈ ਜਾਂ ਦਿੱਤੇ ਹੋਏ 30 ਸੈਕੰਡ ਦਾ ਸਮਾਂ ਗੁਆ ਲੈਂਦਾ ਹੈ ਤਾਂ ਉਸਨੂੰ ਕੋਈ ਅੰਕ ਨਹੀਂ ਮਿਲੇਗਾ। ਵਿਦਿਆਰਥੀ ਦੁਆਰਾ spelling ਬੋਲਣ ਦੀ ਪਹਿਲੀ ਕੋਸ਼ਿਸ਼ ਨੂੰ ਹੀ ਵਿਚਾਰਿਆ ਜਾਵੇਗਾ ਉਸਨੂੰ ਦੁਬਾਰਾ ਕੋਸ਼ਿਸ਼ ਦਾ ਮੌਕਾ ਨਹੀਂ ਦਿੱਤਾ ਜਾਵੇਗਾ ਇਸ ਲਈ ਜਰੂਰੀ ਹੈ ਕਿ ਵਿਦਿਆਰਥੀ 30 ਸੈਕੰਡ ਦੇ ਸਮੇਂ ਦਾ ਸਹੀ ਉਪਯੋਗ ਕਰਕੇ ਸੋਚ ਵਿਚਾਰ ਕਰਕੇ spelling ਬੋਲਣ।

15.0 ਸਮੇਂ ਦਾ ਅਹਿਸਾਸ ਕਰਵਾਉਣ ਲਈ 20 ਸੈਕੰਡ ਪੂਰੇ ਹੁੰਦੇ ਹੀ ਇੱਕ ਹਲਕੀ ਜਿਹੀ ਬੈੱਲ (bell) ਮਾਰੀ ਜਾਵੇਗੀ ਤਾਂ ਜੋ ਵਿਦਿਆਰਥੀ ਨੂੰ ਆਪਣੇ ਰਹਿੰਦੇ ਸਮੇਂ ਦਾ ਪਤਾ ਚੱਲ ਜਾਵੇ ਅਤੇ 30 ਸੈਕੰਡ ਦਾ ਸਮਾਂ ਪੂਰਾ ਹੋਣ ਤੇ ਇੱਕ ਲੰਬੀ ਬੈੱਲ (bell) ਮਾਰੀ ਜਾਵੇਗੀ।

16.0 ਵਿਦਿਆਰਥੀ (Speller) ਸ਼ਬਦ ਦੇ spelling ਬੋਲਦੇ ਵੇਲੇ ਹਰ letter ਨੂੰ clarity ਨਾਲ ਬੋਲੇਗਾ ਅਤੇ ਏਨਾ loud ਜ਼ਰੂਰ ਬੋਲੇਗਾ ਕਿ ਉੱਥੇ ਬੈਠੇ ਜੱਜਾਂ ਨੂੰ ਉਸਦਾ ਜਵਾਬ ਸਪੱਸ਼ਟ ਸੁਣਾਈ ਦੇਵੇ।

17.0 ਜੇਕਰ ਸ਼ਬਦ ਬੋਲਣ ਵਾਲਾ ਅਧਿਆਪਕ (Pronouncer) ਅਜਿਹਾ ਬੋਲ ਦੇਵੇ ਜਿਸਦੇ ਕਈ homonyms ਵੀ ਹੋਣ ਤਾਂ ਅਜਿਹੀ ਸੂਰਤ ਵਿੱਚ ਵਿਦਿਆਰਥੀ ਦੁਆਰਾ ਕਿਸੇ ਵੀ ਸਹੀ homonym ਦੇ spelling ਨੂੰ ਸਹੀ ਮੰਨਿਆ ਜਾਵੇਗਾ।

18.0 ਇਸ ਰਾਊਂਡ 2 ਵਿੱਚ spelling ਦੱਸਣ ਲਈ ਵਿਦਿਆਰਥੀ ਨੂੰ ਕਿਸੇ ਵੀ ਤਰ੍ਹਾਂ ਦੇ ਪੇਪਰ/ਕਾਪੀ ਅਤੇ ਪੈਂਨ ਵਰਤਣ ਦੀ ਇਜ਼ਾਜਤ ਨਹੀਂ ਹੈ। ਵਿਦਿਆਰਥੀ spelling ਨੂੰ ਆਪਣੇ ਮੂੰਹ ਵਿੱਚ ਹੌਲੀ-ਹੌਲੀ ਬੋਲ ਕੇ ਜਾਂ ਹੱਥ ਉੱਪਰ ਉਂਗਲ ਨਾਲ ਲਿਖ ਕੇ ਯਾਦ ਕਰਕੇ ਬੋਲਣ ਦੀ ਇਜ਼ਾਜ਼ਤ ਹੈ।

19.0 ਸਪੈਲਿੰਗ ਬੀ (spelling bee) ਦੇ **ਜ਼ਿਲ੍ਹਾ ਪੱਧਰੀ ਮੁਕਾਬਲੇ** ਵਿੱਚ ਵੀ ਬਲਾਕ ਪੱਧਰ ਵਾਲਾ format ਅਤੇ ਗਾਈਡਲਾਈਨਜ਼ ਲਾਗੂ ਹੋਣਗੀਆਂ। ਜ਼ਿਲ੍ਹਾ ਪੱਧਰ ਤੇ ਵੀ ਇਹ ਮੁਕਾਬਲਾ ਦੋ ਰਾਊਂਡਾਂ ਵਿੱਚ ਹੋਵੇਗਾ। ਪਹਿਲੇ ਰਾਊਂਡ ਵਿੱਚ ਸ਼ਬਦਾਂ ਦਾ ਲਿਖਤੀ ਟੈਸਟ ਹੋਵੇਗਾ ਜਦੋਂਕਿ ਦੂਜੇ ਰਾਊਂਡ ਵਿੱਚ ਸ਼ਬਦਾਂ ਦੇ spelling ਦੱਸਣ ਦਾ ਜੁਬਾਨੀ (Orally) ਟੈਸਟ ਹੋਵੇਗਾ। ਵੱਖ-ਵੱਖ ਬਲਾਕਾਂ ਵਿੱਚੋਂ ਜੇਤੂ ਹੋ ਕੇ ਆਈਆਂ ਟੀਮਾਂ ਦਾ ਪਹਿਲਾ ਲਿਖਤੀ ਟੈਸਟ ਹੋਵੇਗਾ। ਉਹਨਾਂ ਵਿੱਚੋਂ ਪੰਜ

ਜੇਤੂ ਟੀਮਾਂ ਰਾਊਂਡ 2 ਦੇ ਮੂੰਹ-ਜੁਬਾਨੀ (Oral) ਵਿੱਚ ਭਾਗ ਲੈਣਗੀਆਂ ਅਤੇ ਜੇਤੂ ਟੀਮ ਐਲਾਨੀ ਜਾਵੇਗੀ।

20.0 ਬਲਾਕ ਪੱਧਰ ਤੇ ਖਰਚਾ ਬੀ.ਪੀ.ਈ.ਓ ਦਫਤਰ ਦੇ ਮੈਨਜਮੈਂਟ ਕਾਸਟ ਵਿਚੋ ਅਤੇ ਜ਼ਿਲ੍ਹਾ ਪੱਧਰ ਤੇ ਦਫ਼ਤਰ ਜਿ.ਸਿ.ਅ.(ਐ.ਸਿ.) ਦੇ ਮੈਨਜਮੈਂਟ ਕਾਸਟ ਵਿਚੋ ਕੀਤਾ ਜਾਵੇ।

21.0 ਸਕੂਲ ਅਤੇ ਬਲਾਕ ਪੱਧਰ ਤੇ ਰਿਪੋਰਟ ਸਬੰਧਤ ਡੀ.ਆਰ.ਪੀ. ਅੰਗਰੇਜ਼ੀ ਨੂੰ ਗਤੀਵਿਧੀ ਹੋਣ ਦੇ 2 ਦਿਨਾਂ ਦੇ ਅੰਦਰ-ਅੰਦਰ ਭੇਜੀ ਜਾਵੇ।ਡੀ.ਆਰ.ਪੀ. ਜਿਲ੍ਹਾ ਪੱਧਰੀ ਗਤੀਵਿਧੀ ਤੋਂ ਬਾਅਦ ਕੰਸੋਲੀਡੇਟ ਰਿਪੋਰਟ 30 ਜੁਲਾਈ ਤੱਕ ਮੁੱਖ ਦਫਤਰ ਨੂੰ ਭੇਜੇ।

22.0 ਗਤੀਵਿਧੀ ਦੀਆਂ ਤਸਵੀਰਾਂ ਸਕੂਲ ਦੀ ਕੰਧ ਪੱਤ੍ਰਿਕਾ ਤੇ ਵੀ ਲਗਾਈਆਂ ਜਾਣ।

23.0 ਇਸ ਗਤੀਵਿਧੀ ਦਾ ਰਿਕਾਰਡ ਜਮਾਤ ਪੱਧਰ ਤੇ ਅਧਿਆਪਕ ਡਾਇਰੀ ਵਿੱਚ, ਸਕੂਲ ਪੱਧਰ ਤੇ ਗਤੀਵਿਧੀ ਰਜਿਸਟਰ, ਬਲਾਕ ਅਤੇ ਜਿਲ੍ਹਾ ਪੱਧਰ ਤੇ ਡੀ.ਆਰ. ਪੀ. ਦੁਆਰਾ ਮੇਨਟੇਨ ਕੀਤਾ ਜਾਵੇ।

**ਵਧੀਕ ਸਟੇਟ ਪ੍ਰੋਜੈਕਟ ਡਾਇਰੈਕਟਰ**

ਪਿੱਠ ਅੰਕਣ ਨੰ. ਏ.ਐਸ.ਪੀ.ਡੀ.(ਅੰਗਰੇਜ਼ੀ)/ਸਸਅ/2013/11835 ਮਿਤੀ ਚੰਡੀਗੜ੍ਹ 12.7.2013

ਉਪਰੋਕਤ ਦਾ ਉਤਾਰਾ ਹੇਠ ਲਿਖੇ ਨੂੰ ਵੈਬਸਾਈਟ ਤੇ ਪਾਉਣ ਹਿੱਤ ਭੇਜਿਆ ਜਾਂਦਾ ਹੈ:-

1. ਡੀ.ਐਮ.(ਐਮ.ਆਈ.ਐਸ.)

**ਵਧੀਕ ਸਟੇਟ ਪ੍ਰੋਜੈਕਟ ਡਾਇਰੈਕਟਰ**